ਮਿੱਠੇ ਬੱਚੇ:- ਸਾਰੇ ਕਲਪ ਦਾ ਇਹ ਹੈ ਪੁਰਸ਼ੋਤਮ ਕਲਿਆਣਕਾਰੀ ਸੰਗਮਯੁਗ , ਇਸ ਵਿੱਚ ਤੁਸੀਂ ਬੱਚੇ ਯਾਦ ਦੀ ਸੈਕਰੀਨ ਨਾਲ ਸਤੋਪ੍ਰਧਾਨ ਬਣਦੇ ਹੋ।

ਪ੍ਰਸ਼ਨ:- ਅਨੇਕ ਤਰ੍ਹਾਂ ਦੇ ਪ੍ਰਸ਼ਨਾਂ ਦੀ ਪੈਦਾਇਸ਼ ਦਾ ਕਾਰਨ ਅਤੇ ਉਨ੍ਹਾਂ ਸਭਨਾਂ ਦਾ ਨਿਵਾਰਣ ਕੀ ਹੈ?

ਉੱਤਰ:- ਜਦੋਂ ਦੇਹ - ਅਭਿਮਾਨ ਵਿੱਚ ਆਉਂਦੇ ਹੋ ਤਾਂ ਸੰਸ਼ੇ ਪੈਦਾ ਹੁੰਦਾ ਹੈ ਅਤੇ ਸੰਸ਼ੇ ਆਉਣ ਨਾਲ ਹੀ ਅਨੇਕ ਪ੍ਰਸ਼ਨਾਂ ਦੀ ਉਤਪਤੀ ਹੋ ਜਾਂਦੀ ਹੈ। ਬਾਬਾ ਕਹਿੰਦੇ ਹਨ ਮੈਂ ਤੁਹਾਨੂੰ ਬੱਚਿਆਂ ਨੂੰ ਜੋ ਧੰਧਾ ਦਿੱਤਾ ਹੈ - ਪਤਿਤ ਤੋਂ ਪਾਵਨ ਬਣੋ ਅਤੇ ਬਣਾਓ, ਇਸ ਧੰਧੇ ਵਿੱਚ ਰਹਿਣ ਨਾਲ ਸਾਰੇ ਪ੍ਰਸ਼ਨ ਖ਼ਤਮ ਹੋ ਜਾਣਗੇ।

ਗੀਤ:- ਤੁਮਹੇ ਪਾਕੇ ਹਮਨੇ ਜਹਾਨ ਪਾ ਲਿਆ ਹੈ...

ਓਮ ਸ਼ਾਂਤੀ। ਮਿੱਠੇ - ਮਿੱਠੇ ਰੂਹਾਨੀ ਬੱਚਿਆਂ ਨੇ ਗੀਤ ਸੁਣਿਆ। ਇਹ ਕਿਸਨੇ ਕਿਹਾ ਮਿੱਠੇ - ਮਿੱਠੇ ਰੂਹਾਨੀ ਬੱਚੇ ? ਜਰੂਰੀ ਰੂਹਾਨੀ ਬਾਪ ਹੀ ਕਹਿ ਸਕਦੇ ਹਨ। ਮਿੱਠੇ - ਮਿੱਠੇ ਰੂਹਾਨੀ ਬੱਚੇ ਹੁਣ ਸਨਮੁੱਖ ਬੈਠੇ ਹਨ ਅਤੇ ਬਾਪ ਬਹੁਤ ਪਿਆਰ ਨਾਲ ਸਮਝਾ ਰਹੇ ਹਨ। ਹੁਣ ਤੁਸੀਂ ਜਾਣਦੇ ਹੋ ਸਿਵਾਏ ਰੂਹਾਨੀ ਬਾਪ ਦੇ ਸ੍ਰਵ ਸੁਖ ਸ਼ਾਂਤੀ ਦੇਣ ਅਤੇ ਸਭ ਨੂੰ ਇਸ ਦੁੱਖ ਤੋਂ ਲਿਬਰੇਟ ਕਰਨ ਵਾਲਾ ਦੁਨੀਆਂ ਭਰ ਵਿੱਚ ਹੋਰ ਕੋਈ ਮਨੁੱਖ ਹੋ ਨਹੀਂ ਸਕਦਾ ਇਸਲਈ ਦੁਖ ਵਿੱਚ ਬਾਪ ਨੂੰ ਯਾਦ ਕਰਦੇ ਰਹਿੰਦੇ ਹਨ। ਤੁਸੀਂ ਬੱਚੇ ਸਾਹਮਣੇ ਬੈਠੇ ਹੋ। ਜਾਣਦੇ ਹੋ ਬਾਬਾ ਸਾਨੂੰ ਸੁਖਧਾਮ ਦੇ ਲਾਇਕ ਬਣਾ ਰਹੇ ਹਨ। ਸਦਾ ਸੁਖਧਾਮ ਦਾ ਮਾਲਿਕ ਬਣਾਉਣ ਵਾਲੇ ਬਾਪ ਦੇ ਸਨਮੁੱਖ ਆਏ ਹੋ। ਹੁਣ ਸਮਝਦੇ ਹੋ ਸਾਮ੍ਹਣੇ ਸੁਣਨ ਅਤੇ ਦੂਰ ਰਹਿ ਕੇ ਸੁਣਨ ਵਿੱਚ ਬਹੁਤ ਫਰਕ ਹੈ। ਮਧੂਬਨ ਵਿੱਚ ਸਨਮੁੱਖ ਆਉਂਦੇ ਹੋ। ਮਧੂਬਨ ਮਸ਼ਹੂਰ ਹੈ। ਮਧੂਬਨ ਵਿੱਚ ਉਨ੍ਹਾਂ ਨੇ ਕ੍ਰਿਸ਼ਨ ਦਾ ਚਿੱਤਰ ਵਿਖਾਇਆ ਹੈ। ਪਰ ਕ੍ਰਿਸ਼ਨ ਹੈ ਨਹੀਂ। ਤੁਸੀਂ ਬੱਚੇ ਜਾਣਦੇ ਹੋ - ਇਸ ਵਿੱਚ ਮਿਹਨਤ ਲਗਦੀ ਹੈ। ਆਪਣੇ ਨੂੰ ਘੜੀ - ਘੜੀ ਆਤਮਾ ਨਿਸ਼ਚੇ ਕਰਨਾ ਹੈ। ਮੈਂ ਆਤਮਾ ਬਾਪ ਤੋਂ ਵਰਸਾ ਲੈ ਰਹੀ ਹਾਂ। ਬਾਪ ਇੱਕ ਹੀ ਸਮੇਂ ਆਉਂਦਾ ਹੈ ਸਾਰੇ ਚੱਕਰ ਵਿੱਚ। ਇਹ ਕਲਪ ਦਾ ਸੁਹਾਵਣਾ ਸੰਗਮਯੁਗ ਹੈ। ਇਸ ਦਾ ਨਾਮ ਰੱਖਿਆ ਹੈ ਪੁਰਸ਼ੋਤਮ। ਇਹ ਹੀ ਸੰਗਮਯੁਗ ਹੈ। ਜਿਸ ਵਿੱਚ ਸਾਰੇ ਮਨੁੱਖ ਮਾਤਰ ਉੱਤਮ ਬਣਦੇ ਹਨ। ਹੁਣ ਤਾਂ ਮਨੁੱਖ ਮਾਤਰ ਦੀਆਂ ਆਤਮਾਵਾਂ ਤਮੋਪ੍ਰਧਾਨ ਹਨ ਸੋ ਫਿਰ ਸਤੋਪ੍ਰਧਾਨ ਬਣਦੀਆਂ ਹਨ। ਸਤੋਪ੍ਰਧਾਨ ਹਨ ਤਾਂ ਉਤਮ ਹਨ। ਤਮੋਪ੍ਰਧਾਨ ਹੋਣ ਨਾਲ ਮਨੁੱਖ ਵੀ ਕਨਿਸ਼ਟ ਬਣਦੇ ਹਨ। ਤਾਂ ਹੁਣ ਬਾਪ ਆਤਮਾਵਾਂ ਨੂੰ ਸਾਮ੍ਹਣੇ ਬੈਠ ਸਮਝਾਉਂਦੇ ਹਨ। ਸਾਰਾ ਪਾਰ੍ਟ ਆਤਮਾ ਹੀ ਵਜਾਉਂਦੀ ਹੈ, ਨਾ ਕਿ ਸ਼ਰੀਰ। ਤੁਹਾਡੀ ਬੁੱਧੀ ਵਿੱਚ ਆ ਗਿਆ ਹੈ ਕਿ ਅਸੀਂ ਆਤਮਾ ਅਸਲ ਵਿੱਚ ਨਿਰਾਕਾਰੀ ਦੁਨੀਆਂ ਅਤੇ ਸ਼ਾਂਤੀਧਾਮ ਵਿੱਚ ਰਹਿਣ ਵਾਲੇ ਹਾਂ। ਇਹ ਕਿਸੇ ਨੂੰ ਵੀ ਪਤਾ ਨਹੀਂ ਹੈ। ਨਾ ਖੁਦ ਸਮਝਾ ਸਕਦੇ ਹਨ। ਤੁਹਾਡੀ ਬੁੱਧੀ ਦਾ ਹੁਣ ਤਾਲਾ ਖੁਲ੍ਹਿਆ ਹੈ। ਤੁਸੀਂ ਸਮਝਦੇ ਹੋ ਬਰੋਬਰ ਆਤਮਾਵਾਂ ਪਰਮਧਾਮ ਵਿੱਚ ਰਹਿੰਦਿਆਂ ਹਨ। ਉਹ ਹੈ ਇਨਕਾਰਪੋਰੀਅਲ ਵਰਲਡ। ਇਹ ਹੈ ਕਾਰਪੋਰੀਅਲ ਵਰਲਡ। ਇੱਥੇ ਅਸੀਂ ਸਾਰੀਆਂ ਆਤਮਾਵਾਂ, ਐਕਟਰਸ ਪਾਰ੍ਟਧਾਰੀ ਹਾਂ। ਪਹਿਲਾਂ - ਪਹਿਲਾਂ ਅਸੀਂ ਪਾਰ੍ਟ ਵਜਾਉਣ ਆਉਂਦੇ ਹਾਂ, ਫਿਰ ਨੰਬਰਵਾਰ ਆਉਂਦੇ - ਜਾਂਦੇ ਹਨ। ਸਾਰੇ ਐਕਟਰ ਇਕੱਠੇ ਨਹੀਂ ਆ ਜਾਂਦੇ। ਵੱਖ - ਵੱਖ ਤਰ੍ਹਾਂ ਦੇ ਐਕਟਰ ਆਉਂਦੇ - ਜਾਂਦੇ ਹਨ। ਸਾਰੇ ਇਕੱਠੇ ਉਦੋਂ ਹੁੰਦੇ ਜਦੋਂ ਨਾਟਕ ਪੂਰਾ ਹੁੰਦਾ ਹੈ। ਹੁਣ ਤੁਹਾਨੂੰ ਪਹਿਚਾਣ ਮਿਲੀ ਹੈ, ਅਸੀਂ ਆਤਮਾ ਅਸਲ ਸ਼ਾਂਤੀਧਾਮ ਦੀ ਰਹਿਵਾਸੀ ਹਾਂ, ਇੱਥੇ ਆਉਂਦੇ ਹਾਂ ਪਾਰ੍ਟ ਵਜਾਉਣ। ਬਾਪ ਸਾਰਾ ਸਮੇਂ ਪਾਰ੍ਟ ਵਜਾਉਣ ਨਹੀਂ ਆਉਂਦੇ ਹਨ। ਅਸੀਂ ਹੀ ਪਾਰ੍ਟ ਵਜਾਉਂਦੇ - ਵਜਾਉਂਦੇ ਸਤੋਪ੍ਰਧਾਨ ਤੋਂ ਤਮੋਪ੍ਰਧਾਨ ਬਣ ਜਾਂਦੇ ਹਾਂ। ਹੁਣ ਤੁਹਾਨੂੰ ਬੱਚਿਆਂ ਨੂੰ ਸਾਮ੍ਹਣੇ ਸੁਣਨ ਨਾਲ ਬਹੁਤ ਮਜ਼ਾ ਆਉਂਦਾ ਹੈ। ਇਤਨਾ ਮਜ਼ਾ ਮੁਰਲੀ ਪੜ੍ਹਨ ਨਾਲ ਨਹੀਂ ਆਉਂਦਾ। ਇੱਥੇ ਸਾਮ੍ਹਣੇ ਹੋ ਨਾ।

ਤੁਸੀਂ ਸਮਝਦੇ ਹੋ ਭਾਰਤ ਗਾਡ - ਗਾਡੇਜ਼ ਦੀ ਜਗ੍ਹਾ ਸੀ। ਹੁਣ ਨਹੀਂ ਹੈ। ਚਿੱਤਰ ਵੇਖਦੇ ਹੋ, ਸੀ ਜਰੂਰ। ਅਸੀਂ ਉੱਥੇ ਦੇ ਰਹਿਵਾਸੀ ਸੀ - ਪਹਿਲਾਂ - ਪਹਿਲਾਂ ਅਸੀਂ ਦੇਵਤੇ ਸੀ, ਆਪਣੇ ਪਾਰ੍ਟ ਨੂੰ ਤਾਂ ਯਾਦ ਕਰੋਗੇ ਕਿ ਭੁੱਲ ਜਾਵੋਗੇ। ਬਾਪ ਕਹਿੰਦੇ ਹਨ ਤੁਸੀਂ ਇੱਥੇ ਇਹ ਪਾਰ੍ਟ ਵਜਾਇਆ। ਇਹ ਡਰਾਮਾ ਹੈ। ਨਵੀਂ ਦੁਨੀਆਂ ਸੋ ਫਿਰ ਪੁਰਾਣੀ ਦੁਨੀਆਂ ਹੁੰਦੀ ਹੈ। ਪਹਿਲਾਂ - ਪਹਿਲਾਂ ਉਪਰ ਤੋਂ ਜੋ ਆਤਮਾਵਾਂ ਆਉਂਦੀਆਂ ਹਨ, ਉਹ ਗੋਲਡਨ ਏਜ਼ ਵਿੱਚ ਆਉਂਦੀਆਂ ਹਨ। ਇਹ ਸਾਰੀਆਂ ਗੱਲਾਂ ਹੁਣ ਤੁਹਾਡੀ ਬੁੱਧੀ ਵਿੱਚ ਹਨ। ਤੁਸੀਂ ਵਿਸ਼ਵ ਦੇ ਮਾਲਿਕ ਮਹਾਰਾਜਾ - ਮਹਾਰਾਣੀ ਸੀ। ਤੁਹਾਡੀ ਰਾਜਧਾਨੀ ਸੀ। ਹੁਣ ਤਾਂ ਰਾਜਧਾਨੀ ਹੈ ਨਹੀਂ। ਹੁਣ ਤੁਸੀਂ ਸਿੱਖ ਰਹੇ ਹੋ, ਅਸੀਂ ਰਾਜਾਈ ਕਿਵੇਂ ਚਲਾਵਾਂਗੇ! ਉੱਥੇ ਵਜ਼ੀਰ ਹੁੰਦੇ ਨਹੀਂ। ਸਲਾਹ ਦੇਣ ਵਾਲੇ ਦੀ ਲੋੜ ਨਹੀਂ ਹੈ। ਉਹ ਤੇ ਸ਼੍ਰੀਮਤ ਦਵਾਰਾ ਸ੍ਰੇਸ਼ਠ ਤੇ ਸ੍ਰੇਸ਼ਠ ਬਣ ਜਾਂਦੇ ਹਨ। ਫਿਰ ਉਨ੍ਹਾਂਨੂੰ ਦੂਸਰੇ ਦੀ ਸਲਾਹ ਲੈਣ ਦੀ ਜਰੂਰਤ ਨਹੀਂ ਹੈ। ਜੇਕਰ ਕਿਸੇ ਤੋਂ ਸਲਾਹ ਲਵੋ ਤਾਂ ਸਮਝਿਆ ਜਾਵੇਗਾ ਉਨ੍ਹਾਂ ਦੀ ਬੁੱਧੀ ਕਮਜ਼ੋਰ ਹੈ। ਹੁਣ ਜੋ ਸ਼੍ਰੀਮਤ ਮਿਲਦੀ ਹੈ, ਉਹ ਸਤਿਯੁਗ ਵਿੱਚ ਵੀ ਕਾਇਮ ਰਹਿੰਦੀ ਹੈ। ਹੁਣ ਤੁਸੀਂ ਸਮਝਦੇ ਹੋ ਪਹਿਲਾਂ - ਪਹਿਲਾਂ ਬਰੋਬਰ ਇਨ੍ਹਾਂ ਦੇਵੀ - ਦੇਵਤਿਆਂ ਦਾ ਅੱਧਾਕਲਪ ਰਾਜ ਸੀ। ਹੁਣ ਤੁਹਾਡੀ ਆਤਮਾ ਰਿਫਰੇਸ਼ ਹੋ ਰਹੀ ਹੈ। ਇਹ ਨਾਲੇਜ ਪ੍ਰਮਾਤਮਾ ਦੇ ਸਿਵਾਏ ਕੋਈ ਵੀ ਆਤਮਾਵਾਂ ਨੂੰ ਦੇ ਨਹੀਂ ਸਕਦਾ।

ਹੁਣ ਤੁਹਾਨੂੰ ਬੱਚਿਆਂ ਨੂੰ ਦੇਹੀ - ਅਭਿਮਾਨੀ ਬਣਨਾ ਹੈ। ਸ਼ਾਂਤੀਧਾਮ ਤੋਂ ਆਕੇ ਇੱਥੇ ਤੁਸੀਂ ਟਾਕੀ ਬਣੇ ਹੋ। ਟਾਕੀ ਹੋਏ ਬਿਨਾਂ ਕਰਮ ਹੋ ਨਹੀਂ ਸਕਦਾ। ਜਿਵੇਂ ਬਾਪ ਵਿੱਚ ਸਾਰਾ ਗਿਆਨ ਹੈ ਇਵੇਂ ਤੁਹਾਡੀ ਆਤਮਾ ਵਿੱਚ ਵੀ ਗਿਆਨ ਹੈ। ਆਤਮਾ ਕਹਿੰਦੀ ਹੈ - ਅਸੀਂ ਇੱਕ ਸ਼ਰੀਰ ਛੱਡ ਸੰਸਕਾਰ ਅਨੁਸਾਰ ਫਿਰ ਦੂਸਰਾ ਸ਼ਰੀਰ ਲੈਂਦਾ ਹਾਂ। ਪੁਨਰਜਨਮ ਜਰੂਰ ਹੁੰਦਾ ਹੈ। ਆਤਮਾ ਨੂੰ ਜੋ ਪਾਰ੍ਟ ਮਿਲਿਆ ਹੋਇਆ ਹੈ ਉਹ ਵਜਾਉਂਦੀ ਰਹਿੰਦੀ ਹੈ। ਸੰਸਕਾਰਾਂ ਅਨੁਸਾਰ ਦੂਸਰਾ ਜਨਮ ਲੈਂਦੇ ਰਹਿੰਦੇ ਹਨ। ਆਤਮਾ ਦੀ ਦਿਨ - ਪ੍ਰਤੀਦਿਨ ਪਿਓਰਟੀ ਦੀ ਡਿਗਰੀ ਘੱਟ ਹੁੰਦੀ ਜਾਂਦੀ ਹੈ। ਪਤਿਤ ਅੱਖਰ ਦਵਾਪਰ ਤੋਂ ਕੰਮ ਵਿੱਚ ਲਿਆਉਂਦੇ ਹਨ। ਫਿਰ ਵੀ ਥੋੜ੍ਹਾ ਜਿਹਾ ਫ਼ਰਕ ਜਰੂਰ ਪੈਂਦਾ ਹੈ। ਤੁਸੀਂ ਨਵਾਂ ਮਕਾਨ ਬਣਾਓ, ਇੱਕ ਮਹੀਨੇ ਦੇ ਬਾਦ ਕੁਝ ਫ਼ਰਕ ਜਰੂਰ ਪਵੇਗਾ। ਹੁਣ ਤੁਸੀਂ ਬੱਚੇ ਸਮਝਦੇ ਹੋ ਬਾਬਾ ਸਾਨੂੰ ਵਰਸਾ ਦੇ ਰਹੇ ਹਨ। ਬਾਪ ਕਹਿੰਦੇ ਹਨ ਅਸੀਂ ਆਏ ਹਾਂ, ਤੁਹਾਨੂੰ ਬੱਚਿਆਂ ਨੂੰ ਵਰਸਾ ਦੇਣ। ਜਿਨ੍ਹਾਂ ਜੋ ਪੁਰਸ਼ਾਰਥ ਕਰੇਗਾ ਉਤਨਾ ਪਦਵੀ ਪਾਵੇਗਾ। ਬਾਪ ਦੇ ਕੋਲ ਕੋਈ ਫਰਕ ਨਹੀਂ ਹੈ। ਬਾਪ ਜਾਣਦੇ ਹਨ ਮੈਂ ਆਤਮਾਵਾਂ ਨੂੰ ਪੜ੍ਹਾਉਂਦਾ ਹਾਂ। ਆਤਮਾ ਦਾ ਹੱਕ ਹੈ ਬਾਪ ਤੋਂ ਵਰਸਾ ਲੈਣ ਦਾ, ਇਸ ਵਿੱਚ ਮੇਲ - ਫੀਮੇਲ ਦੀ ਦ੍ਰਿਸ਼ਟੀ ਇੱਥੇ ਨਹੀਂ ਰਹਿੰਦੀ। ਤੁਸੀਂ ਸਾਰੇ ਬੱਚੇ ਹੋ। ਬਾਪ ਤੋਂ ਵਰਸਾ ਲੈ ਰਹੇ ਹੋ। ਸਾਰੀਆਂ ਆਤਮਾਵਾਂ ਬ੍ਰਦਰਜ਼ ਹਨ, ਜਿੰਨ੍ਹਾਂਨੂੰ ਬਾਪ ਪੜ੍ਹਾਉਂਦੇ ਹਨ, ਵਰਸਾ ਦਿੰਦੇ ਹਨ। ਬਾਪ ਹੀ ਰੂਹਾਨੀ ਬੱਚਿਆਂ ਨਾਲ ਗੱਲ ਕਰਦੇ ਹਨ - ਹੇ ਲਾਡਲੇ ਸਿਕੀਲੱਧੇ ਬੱਚਿਓ, ਤੁਸੀਂ ਬਹੁਤ ਸਮੇਂ ਪਾਰ੍ਟ ਵਜਾਉਂਦੇ - ਵਜਾਉਂਦੇ ਹੁਣ ਫਿਰ ਆਕੇ ਮਿਲੇ ਹੋ, ਆਪਣਾ ਵਰਸਾ ਲੈਣ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਸ਼ੁਰੂ ਤੋਂ ਲੈਕੇ ਪਾਰ੍ਟ ਨੂੰਧਿਆ ਹੋਇਆ ਹੈ। ਤੁਸੀਂ ਐਕਟਰਸ ਪਾਰ੍ਟ ਵਜਾਉਂਦੇ ਐਕਟ ਕਰਦੇ ਰਹਿੰਦੇ ਹੋ। ਆਤਮਾ ਅਵਿਨਾਸ਼ੀ ਹੈ, ਇਸ ਵਿੱਚ ਅਵਿਨਾਸ਼ੀ ਪਾਰ੍ਟ ਨੂੰਧਿਆ ਹੋਇਆ ਹੈ। ਸ਼ਰੀਰ ਤਾਂ ਬਦਲਦਾ ਰਹਿੰਦਾ ਹੈ। ਬਾਕੀ ਆਤਮਾ ਸਿਰ੍ਫ ਪਵਿੱਤਰ ਤੋਂ ਅਪਵਿੱਤਰ ਬਣਦੀ ਹੈ। ਪਤਿਤ ਬਣਦੀ ਹੈ, ਸਤਿਯੁਗ ਵਿੱਚ ਹੈ ਪਾਵਨ। ਇਸਨੂੰ ਕਿਹਾ ਜਾਂਦਾ ਹੈ ਪਤਿਤ ਦੁਨੀਆਂ। ਜਦੋਂ ਦੇਵਤਾਵਾਂ ਦਾ ਰਾਜ ਸੀ ਤਾਂ ਵਾਈਸਲੇਸ ਵਰਲਡ ਸੀ। ਹੁਣ ਨਹੀਂ ਹੈ। ਇਹ ਖੇਲ੍ਹ ਹੈ ਨਾ। ਨਵੀਂ ਦੁਨੀਆਂ ਸੋ ਪੁਰਾਣੀ ਦੁਨੀਆਂ, ਪੁਰਾਣੀ ਦੁਨੀਆਂ ਫਿਰ ਨਵੀਂ ਦੁਨੀਆਂ। ਹੁਣ ਸੁਖਧਾਮ ਸਥਾਪਨ ਹੁੰਦਾ ਹੈ, ਬਾਕੀ ਸਭ ਆਤਮਾਵਾਂ ਮੁਕਤੀਧਾਮ ਵਿੱਚ ਰਹਿਣਗੀਆਂ। ਹੁਣ ਇਹ ਬੇਹੱਦ ਦਾ ਨਾਟਕ ਆਕੇ ਪੂਰਾ ਹੋਇਆ ਹੈ। ਸਾਰੀਆਂ ਆਤਮਾਵਾਂ ਮੱਛਰਾਂ ਤਰ੍ਹਾਂ ਜਾਣਗੀਆਂ। ਇਸ ਵਕਤ ਕੋਈ ਵੀ ਆਤਮਾ ਆਵੇ ਤਾਂ ਪਤਿਤ ਦੁਨੀਆ ਵਿੱਚ ਉਸ ਦੀ ਕੀ ਵੈਲਯੂ ਹੋਵੇਗੀ। ਵੈਲਯੂ ਉਨ੍ਹਾਂ ਦੀ ਹੈ ਜੋ ਪਹਿਲੇ - ਪਹਿਲੇ ਨਵੀਂ ਦੁਨੀਆਂ ਵਿੱਚ ਆਉਂਦੇ ਹਨ। ਤੁਸੀਂ ਜਾਣਦੇ ਹੋ ਜੋ ਨਵੀਂ ਦੁਨੀਆਂ ਸੀ ਉਹ ਪੁਰਾਣੀ ਬਣੀ ਹੈ। ਨਵੀਂ ਦੁਨੀਆਂ ਵਿੱਚ ਅਸੀਂ ਦੇਵੀ - ਦੇਵਤਾ ਸੀ। ਉੱਥੇ ਦੁਖ ਦਾ ਨਾਮ ਨਹੀਂ ਸੀ। ਇੱਥੇ ਤਾਂ ਅਥਾਹ ਦੁਖ ਹਨ। ਬਾਪ ਆਕੇ ਦੁਖ ਦੀ ਦੁਨੀਆਂ ਤੋਂ ਲਿਬਰੇਟ ਕਰਦੇ ਹਨ। ਇਹ ਪੁਰਾਣੀ ਦੁਨੀਆ ਬਦਲਣੀ ਜਰੂਰ ਹੈ। ਤੁਸੀਂ ਸਮਝਦੇ ਹੋ ਬਰੋਬਰ ਅਸੀਂ ਸਤਿਯੁਗ ਦੇ ਮਾਲਿਕ ਸੀ। ਫਿਰ 84 ਜਨਮਾਂ ਦੇ ਬਾਦ ਅਜਿਹੇ ਬਣੇ ਹਾਂ। ਹੁਣ ਫਿਰ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਤੁਸੀਂ ਸਵਰਗ ਦੇ ਮਾਲਿਕ ਬਣੋਗੇ। ਤਾਂ ਅਸੀਂ ਕਿਉਂ ਨਾ ਆਪਣੇ ਨੂੰ ਆਤਮਾ ਨਿਸ਼ਚੇ ਕਰੀਏ ਅਤੇ ਬਾਪ ਨੂੰ ਯਾਦ ਕਰੀਏ। ਕੁਝ ਤਾਂ ਮਿਹਨਤ ਕਰਨੀ ਹੋਵੇਗੀ ਨਾ। ਰਾਜਾਈ ਪਾਉਣੀ ਕੋਈ ਸਹਿਜ ਥੋੜ੍ਹੀ ਨਾ ਹੈ। ਬਾਪ ਨੂੰ ਯਾਦ ਕਰਨਾ ਹੈ। ਇਹ ਮਾਇਆ ਦਾ ਵੰਡਰ ਹੈ ਜੋ ਘੜੀ - ਘੜੀ ਤੁਹਾਨੂੰ ਭੁਲਾ ਦਿੰਦੀ ਹੈ। ਉਸ ਦੇ ਲਈ ਉਪਾਅ ਰਚਨਾ ਚਾਹੀਦਾ ਹੈ। ਇਵੇਂ ਨਹੀਂ, ਮੇਰਾ ਬਣਨ ਨਾਲ ਯਾਦ ਜਮ ਜਾਵੇਗੀ। ਬਾਕੀ ਪੁਰਸ਼ਾਰਥ ਕੀ ਕਰੋਗੇ! ਨਹੀਂ। ਜਦੋਂ ਤੱਕ ਜਿਉਣਾ ਹੈ ਪੁਰਸ਼ਾਰਥ ਕਰਨਾ ਹੈ। ਗਿਆਨ ਅੰਮ੍ਰਿਤ ਪੀਂਦੇ ਰਹਿਣਾ ਹੈ। ਇਹ ਵੀ ਸਮਝਦੇ ਹੋ ਸਾਡਾ ਇਹ ਅੰਤਿਮ ਜਨਮ ਹੈ। ਇਸ ਸ਼ਰੀਰ ਦਾ ਭਾਨ ਛੱਡ ਦੇਹੀ - ਅਭਿਮਾਨੀ ਬਣਨਾ ਹੈ। ਗ੍ਰਹਿਸਤ ਵਿਵਹਾਰ ਵਿੱਚ ਵੀ ਰਹਿਣਾ ਹੈ। ਪੁਰਸ਼ਾਰਥ ਜਰੂਰ ਕਰਨਾ ਹੈ। ਸਿਰ੍ਫ ਆਪਣੇ ਨੂੰ ਆਤਮਾ ਨਿਸ਼ਚੇ ਕਰ ਬਾਪ ਨੂੰ ਯਾਦ ਕਰੋ। ਤਵਮੇਵ ਮਾਤਾਸ਼ਚ ਪਿਤਾ... ਇਹ ਸਾਰੀ ਹੈ ਭਗਤੀ ਮਾਰਗ ਦੀ ਮਹਿਮਾ। ਤੁਸੀਂ ਸਿਰ੍ਫ ਇੱਕ ਅਲਫ਼ ਨੂੰ ਯਾਦ ਕਰਨਾ ਹੈ। ਇੱਕ ਹੀ ਮਿੱਠੀ ਸਕ੍ਰੀਨ ਹੈ। ਹੋਰ ਸਾਰੀਆਂ ਗੱਲਾਂ ਛੱਡ ਇੱਕ ਸਕ੍ਰੀਨ ( ਬਾਪ) ਨੂੰ ਯਾਦ ਕਰੋ। ਹੁਣ ਤੁਹਾਡੀ ਆਤਮਾ ਤਮੋਪ੍ਰਧਾਨ ਬਣੀ ਹੈ, ਉਸਨੂੰ ਸਤੋਪ੍ਰਧਾਨ ਬਣਾਉਣ ਦੇ ਲਈ ਯਾਦ ਦੀ ਯਾਤ੍ਰਾ ਵਿੱਚ ਰਹੋ। ਸਭਨੂੰ ਇਹ ਹੀ ਦੱਸੋ ਬਾਪ ਤੋਂ ਸੁਖ ਦਾ ਵਰਸਾ ਲਵੋ। ਸੁਖ ਹੁੰਦਾ ਹੀ ਹੈ ਸਤਿਯੁਗ ਵਿੱਚ। ਸੁਖਧਾਮ ਸਥਾਪਨ ਕਰਨ ਵਾਲਾ ਬਾਬਾ ਹੈ। ਬਾਪ ਨੂੰ ਯਾਦ ਕਰਨਾ ਹੈ ਬਹੁਤ ਸਹਿਜ। ਪਰੰਤੂ ਮਾਇਆ ਆਪੋਜਿਸ਼ਨ ਕਰਦੀ ਹੈ ਇਸਲਈ ਕੋਸ਼ਿਸ਼ ਕਰ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਖਾਦ ਨਿਕਲ ਜਾਵੇਗੀ। ਸੈਕਿੰਡ ਵਿੱਚ ਜੀਵਨਮੁਕਤੀ ਗਾਇਆ ਜਾਂਦਾ ਹੈ। ਅਸੀਂ ਆਤਮਾ ਰੂਹਾਨੀ ਬਾਪ ਦੇ ਬੱਚੇ ਹਾਂ। ਉੱਥੇ ਦੇ ਰਹਿਣ ਵਾਲੇ ਹਾਂ। ਫਿਰ ਸਾਨੂੰ ਆਪਣਾ ਪਾਰ੍ਟ ਰਪੀਟ ਕਰਨਾ ਹੈ। ਇਸ ਡਰਾਮੇ ਦੇ ਵਿੱਚ ਸਭ ਤੋਂ ਜ਼ਿਆਦਾ ਸਾਡਾ ਪਾਰ੍ਟ ਹੈ। ਸੁਖ ਵੀ ਸਭ ਤੋਂ ਜ਼ਿਆਦਾ ਸਾਨੂੰ ਮਿਲੇਗਾ। ਬਾਪ ਕਹਿੰਦੇ ਹਨ ਤੁਹਾਡਾ ਦੇਵੀ - ਦੇਵਤਾ ਧਰਮ ਬਹੁਤ ਸੁਖ ਦੇਣ ਵਾਲਾ ਹੈ ਹੋਰ ਬਾਕੀ ਸਾਰੇ ਸ਼ਾਂਤੀਧਾਮ ਵਿੱਚ ਆਟੋਮੈਟਿਕਲੀ ਚਲੇ ਜਾਣਗੇ ਹਿਸਾਬ - ਕਿਤਾਬ ਚੁਕਤੂ ਕਰ। ਜਾਸਤੀ ਵਿਸਤਾਰ ਵਿੱਚ ਅਸੀਂ ਕਿਉਂ ਜਾਈਏ। ਬਾਪ ਆਉਂਦੇ ਹੀ ਹਨ ਸਭਨੂੰ ਵਾਪਿਸ ਲੈ ਜਾਣ। ਮੱਛਰਾਂ ਤਰ੍ਹਾਂ ਸਭਨੂੰ ਵਾਪਿਸ ਲੈ ਜਾਂਦੇ ਹਨ। ਸਤਿਯੁਗ ਵਿੱਚ ਬਹੁਤ ਘੱਟ ਹੁੰਦੇ ਹਨ। ਇਹ ਸਾਰੀ ਡਰਾਮੇ ਵਿੱਚ ਨੂੰਧ ਹੈ। ਸ਼ਰੀਰ ਖ਼ਤਮ ਹੋ ਜਾਵੇਗਾ। ਆਤਮਾ ਜੋ ਅਵਿਨਾਸ਼ੀ ਹੈ ਉਹ ਸਭ ਹਿਸਾਬ - ਕਿਤਾਬ ਚੁਕਤੂ ਕਰ ਚਲੀ ਜਾਵੇਗੀ। ਇਵੇਂ ਨਹੀਂ ਕਿ ਆਤਮਾ ਅੱਗ ਵਿੱਚ ਪੈ ਕੇ ਪਵਿੱਤਰ ਹੋਵੇਗੀ। ਆਤਮਾ ਨੂੰ ਯਾਦ ਰੂਪੀ ਯੋਗ ਅਗਨੀ ਨਾਲ ਹੀ ਪਵਿੱਤਰ ਹੋਣਾ ਹੈ। ਯੋਗ ਦੀ ਅਗਨੀ ਹੈ ਹੈ ਇਹ। ਉਨ੍ਹਾਂ ਨੇ ਫਿਰ ਨਾਟਕ ਬੈਠ ਬਣਾਏ ਹਨ। ਸੀਤਾ ਅੱਗ ਤੋਂ ਪਾਰ ਹੋਈ। ਅੱਗ ਨਾਲ ਕੋਈ ਥੋੜ੍ਹੀ ਨਾ ਪਾਵਨ ਹੋਣਾ ਹੈ। ਬਾਪ ਸਮਝਾਉਂਦੇ ਹਨ ਤੁਸੀਂ ਸਭ ਸੀਤਾਵਾਂ ਇਸ ਸਮੇਂ ਪਤਿਤ ਹੋ। ਰਾਵਨ ਦੇ ਰਾਜ ਵਿੱਚ ਹੋ। ਹੁਣ ਇੱਕ ਬਾਪ ਦੀ ਯਾਦ ਨਾਲ ਤੁਹਾਨੂੰ ਪਾਵਨ ਬਣਨਾ ਹੈ। ਰਾਮ ਇੱਕ ਹੀ ਹੈ। ਅਗਨੀ ਅੱਖਰ ਸੁਣਨ ਨਾਲ ਸਮਝਦੇ ਹਨ - ਅੱਗ ਤੋਂ ਪਾਰ ਹੋਈ। ਕਿੱਥੇ ਯੋਗ ਅਗਨੀ, ਕਿੱਥੇ ਉਹ। ਆਤਮਾ ਪਰਮਪਿਤਾ ਪ੍ਰਮਾਤਮਾ ਨਾਲ ਯੋਗ ਰੱਖਣ ਨਾਲ ਹੀ ਪਤਿਤ ਤੋਂ ਪਾਵਨ ਹੋਵੇਗੀ। ਰਾਤ - ਦਿਨ ਦਾ ਫ਼ਰਕ ਹੈ। ਹੇਲ ਵਿੱਚ ਸਭ ਸਿਤਾਵਾਂ ਰਾਵਣ ਦੀ ਜੇਲ ਵਿੱਚ ਸ਼ੋਕ ਵਾਟਿਕਾ ਵਿੱਚ ਹਨ। ਇੱਥੇ ਦਾ ਸੁਖ ਤਾਂ ਕਾਗ ਵਿਸ਼ਟਾ ਸਮਾਨ ਹੈ। ਭੇਂਟ ਕੀਤੀ ਜਾਂਦੀ ਹੈ। ਸਵਰਗ ਦੇ ਸੁਖ ਤਾਂ ਅਥਾਹ ਹਨ।

ਤੁਸੀਂ ਆਤਮਾਵਾਂ ਦੀ ਹੁਣ ਸ਼ਿਵ ਸਾਜਨ ਦੇ ਨਾਲ ਸਗਾਈ ਹੋਈ ਹੈ। ਤਾਂ ਆਤਮਾ ਫੀਮੇਲ ਹੋਈ ਨਾ! ਸ਼ਿਵਬਾਬਾ ਕਹਿੰਦੇ ਹਨ ਸਿਰ੍ਫ ਮੈਨੂੰ ਯਾਦ ਕਰੋ ਤਾਂ ਤੁਸੀਂ ਪਾਵਨ ਬਣ ਜਾਵੋਗੇ। ਸ਼ਾਂਤੀਧਾਮ ਜਾਕੇ ਫਿਰ ਸੁਖਧਾਮ ਵਿੱਚ ਆ ਜਾਵੋਗੇ। ਤਾਂ ਬੱਚਿਆਂ ਨੂੰ ਗਿਆਨ ਰਤਨਾਂ ਨਾਲ ਝੋਲੀ ਭਰਨੀ ਚਾਹੀਦੀ ਹੈ। ਕਿਸੇ ਵੀ ਤਰ੍ਹਾਂ ਦਾ ਸੰਸ਼ੇ ਨਹੀਂ ਲਿਆਉਣਾ ਚਾਹੀਦਾ। ਦੇਹ - ਅਭਿਮਾਨ ਵਿੱਚ ਆਉਣ ਨਾਲ ਫਿਰ ਕਈ ਤਰ੍ਹਾਂ ਦੇ ਪ੍ਰਸ਼ਨ ਉੱਠਦੇ ਹਨ। ਫਿਰ ਬਾਪ ਜੋ ਧੰਧਾ ਦਿੰਦੇ ਹਨ ਉਹ ਕਰਦੇ ਨਹੀਂ ਹਨ। ਮੂਲ ਗੱਲ ਹੈ ਸਾਨੂੰ ਪਤਿਤ ਤੋਂ ਪਾਵਨ ਬਣਨਾ ਹੈ। ਦੂਸਰੀਆਂ ਗੱਲਾਂ ਛੱਡ ਦੇਣੀਆਂ ਹਨ। ਰਾਜਧਾਨੀ ਦੀ ਜੋ ਰਸਮ - ਰਿਵਾਜ਼ ਹੋਵੇਗੀ ਉਹ ਚੱਲੇਗੀ। ਜਿਵੇਂ ਦੇ ਮਹਿਲ ਬਣਾਏ ਹੋਣਗੇ ਉਵੇਂ ਹੀ ਬਣਾਵੋਗੇ। ਮੂਲ ਗੱਲ ਹੈ ਪਵਿੱਤਰ ਬਣਨ ਦੀ। ਬੁਲਾਉਂਦੇ ਵੀ ਹਨ ਹੇ ਪਤਿਤ - ਪਾਵਨ... ਪਾਵਨ ਬਣਨ ਨਾਲ ਸੁਖੀ ਹੋ ਜਾਵੋਗੇ। ਸਭ ਤੋਂ ਪਾਵਨ ਹਨ ਦੇਵੀ - ਦੇਵਤੇ।

ਹੁਣ ਤੁਸੀਂ 21 ਜਨਮ ਦੇ ਲਈ ਸਰਵੋਤਮ ਪਾਵਨ ਬਣਦੇ ਹੋ। ਉਸਨੂੰ ਕਿਹਾ ਜਾਂਦਾ ਹੈ ਸੰਪੂਰਨ ਨਿਰਵਿਕਾਰੀ ਪਾਵਨ। ਤਾਂ ਬਾਪ ਜੋ ਸ਼੍ਰੀਮਤ ਦਿੰਦੇ ਹਨ ਉਸ ਤੇ ਚੱਲਣਾ ਚਾਹੀਦਾ ਹੈ। ਕੋਈ ਵੀ ਸੰਕਲਪ ਉਠਾਉਣ ਦੀ ਲੋੜ ਨਹੀਂ। ਪਹਿਲਾਂ ਅਸੀਂ ਪਤਿਤ ਤੋਂ ਪਾਵਨ ਤਾਂ ਬਣੀਏ। ਪੁਕਾਰਦੇ ਵੀ ਹਨ - ਹੇ ਪਤਿਤ -ਪਾਵਨ... ਪ੍ਰੰਤੂ ਸਮਝਦੇ ਕੁਝ ਵੀ ਨਹੀਂ। ਇਹ ਵੀ ਨਹੀਂ ਜਾਣਦੇ ਪਤਿਤ - ਪਾਵਨ ਕੌਣ ਹੈ? ਇਹ ਹੈ ਪਤਿਤ ਦੁਨੀਆਂ, ਉਹ ਹੈ ਪਾਵਨ ਦੁਨੀਆਂ। ਮੁੱਖ ਗੱਲ ਹੈ ਹੀ ਪਾਵਨ ਬਣਨ ਦੀ। ਪਾਵਨ ਕੌਣ ਬਣਾਵੇਗਾ? ਇਹ ਕੁਝ ਵੀ ਪਤਾ ਨਹੀਂ। ਪਤਿਤ - ਪਾਵਨ ਕਹਿ ਬੁਲਾਉਂਦੇ ਹਨ ਪ੍ਰੰਤੂ ਬੋਲੋ, ਤੁਸੀਂ ਪਤਿਤ ਹੋ ਤਾਂ ਵਿਗੜ ਪੈਣਗੇ। ਆਪਣੇ ਨੂੰ ਵਿਕਾਰੀ ਕੋਈ ਵੀ ਸਮਝਦੇ ਨਹੀਂ। ਕਹਿੰਦੇ ਹਨ ਗ੍ਰਹਿਸਤੀ ਵਿੱਚ ਤਾਂ ਸਾਰੇ ਸਨ। ਰਾਧੇ - ਕ੍ਰਿਸ਼ਨ, ਲਕਸ਼ਮੀ - ਨਾਰਾਇਣ ਨੂੰ ਵੀ ਬੱਚੇ ਸਨ ਨਾ। ਉੱਥੇ ਯੋਗਬਲ ਨਾਲ ਬੱਚੇ ਪੈਦਾ ਹੁੰਦੇ ਹਨ, ਇਹ ਭੁੱਲ ਗਏ ਹਨ। ਉਨ੍ਹਾਂਨੂੰ ਵਾਇਸਲੇਸ ਵਰਲਡ ਸਵਰਗ ਕਿਹਾ ਜਾਂਦਾ ਹੈ। ਉਹ ਹੈ ਸ਼ਿਵਾਲਾ। ਬਾਪ ਕਹਿੰਦੇ ਹਨ ਪਤਿਤ ਦੁਨੀਆਂ ਵਿੱਚ ਇੱਕ ਵੀ ਪਾਵਨ ਨਹੀਂ। ਇਹ ਬਾਪ ਤਾਂ ਬਾਪ, ਟੀਚਰ ਅਤੇ ਸਤਿਗੁਰੂ ਹੈ ਜੋ ਸਭਨੂੰ ਸਦਗਤੀ ਦਿੰਦੇ ਹਨ। ਉਹ ਤਾਂ ਇੱਕ ਗੁਰੂ ਚਲਾ ਗਿਆ ਤਾਂ ਫਿਰ ਬੱਚੇ ਨੂੰ ਗੱਦੀ ਦੇਣਗੇ। ਹੁਣ ਉਹ ਕਿਵੇਂ ਸਦਗਤੀ ਵਿੱਚ ਲੈ ਜਾਣਗੇ? ਸ੍ਰਵ ਦਾ ਸਦਗਤੀ ਦਾਤਾ ਹੈ ਹੀ ਇੱਕ। ਸਤਿਯੁਗ ਵਿੱਚ ਸਿਰ੍ਫ ਦੇਵੀ - ਦੇਵਤਾ ਹੁੰਦੇ ਹਨ। ਬਾਕੀ ਇੰਨੀਆਂ ਸਭ ਆਤਮਾਵਾਂ ਸ਼ਾਂਤੀਧਾਮ ਵਿੱਚ ਚਲੀਆਂ ਜਾਣਗੀਆਂ। ਰਾਵਨ ਰਾਜ ਤੋਂ ਛੁੱਟ ਜਾਂਦੇ ਹਨ। ਬਾਪ ਸਭ ਨੂੰ ਪਵਿੱਤਰ ਬਣਾਕੇ ਲੈ ਜਾਂਦੇ ਹਨ। ਪਾਵਨ ਤੋਂ ਫ਼ਟ ਨਾਲ ਕੋਈ ਪਤਿਤ ਨਹੀਂ ਬਣਦੇ ਹਨ। ਨੰਬਰਵਾਰ ਉੱਤਰਦੇ ਹਨ, ਸਤੋਪ੍ਰਧਾਨ ਤੋਂ ਸਤੋ, ਰਜੋ, ਤਮੋ... ਤੁਹਾਡੀ ਬੁੱਧੀ ਵਿੱਚ 84 ਜਨਮਾਂ ਦਾ ਚੱਕਰ ਬੈਠਾ ਹੈ। ਤੁਸੀਂ ਜਿਵੇਂ ਹੁਣ ਲਾਈਟ ਹਾਊਸ ਹੋ। ਗਿਆਨ ਨਾਲ ਇਸ ਚੱਕਰ ਨੂੰ ਜਾਣ ਗਏ ਹੋ ਕਿ ਇਹ ਚੱਕਰ ਕਿਵੇਂ ਫਿਰਦਾ ਹੈ। ਹੁਣ ਤੁਸੀਂ ਬੱਚਿਆਂ ਨੂੰ ਹੋਰਾਂ ਸਭਨਾਂ ਨੂੰ ਰਸਤਾ ਦੱਸਣਾ ਹੈ। ਸਾਰੀਆਂ ਨਾਵਾਂ (ਕਸ਼ਤੀਆਂ) ਹਨ, ਤੁਸੀਂ ਪਾਇਲਟ ਹੋ, ਰਸਤਾ ਦੱਸਣ ਵਾਲੇ। ਸਭਨੂੰ ਬੋਲੋ ਤੁਸੀਂ ਸ਼ਾਂਤੀਧਾਮ, ਸੁਖਧਾਮ ਨੂੰ ਯਾਦ ਕਰੋ। ਕਲਯੁਗ ਦੁਖਧਾਮ ਨੂੰ ਭੁੱਲ ਜਾਵੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਜਦੋਂ ਤੱਕ ਜਿਉਣਾ ਹੈ ਗਿਆਨ ਅੰਮ੍ਰਿਤ ਪੀਂਦੇ ਰਹਿਣਾ ਹੈ। ਆਪਣੀ ਝੋਲੀ ਗਿਆਨ ਰਤਨਾਂ ਨਾਲ ਭਰਨੀ ਹੈ। ਸ਼ੰਸ਼ੇ ਵਿੱਚ ਆਕੇ ਕੋਈ ਪ੍ਰਸ਼ਨ ਨਹੀਂ ਉਠਾਉਣਾ ਹੈ।

**2.** ਯੋਗ ਅਗਨੀ ਨਾਲ ਆਤਮਾ ਰੂਪੀ ਸੀਤਾ ਨੂੰ ਪਾਵਨ ਬਣਾਉਣਾ ਹੈ। ਕਿਸੇ ਗੱਲ ਦੇ ਵਿਸਤਾਰ ਵਿੱਚ ਜ਼ਿਆਦਾ ਨਾ ਜਾਕੇ ਦੇਹੀ ਅਭਿਮਾਨੀ ਬਣਨ ਦੀ ਮਿਹਨਤ ਕਰਨੀ ਹੈ। ਸ਼ਾਂਤੀਧਾਮ ਅਤੇ ਸੁਖਧਾਮ ਨੂੰ ਯਾਦ ਕਰਨਾ ਹੈ।

ਵਰਦਾਨ:- ਸਦਾ ਮੰਨਨ ਦੁਆਰਾ ਨਗਨ ਅਵਸਥਾ ਦੇ ਸਾਗਰ ਵਿਚ ਸਮਾਉਣ ਦਾ ਅਨੁਭਵ ਕਰਨ ਵਾਲੇ ਅਨੁਭਵੀ ਮੂਰਤ ਭਵ। ਅਨੁਭਵਾਂ ਨੂੰ ਵਧਾਉਣ ਦਾ ਆਧਾਰ ਹੈ ਮੰਨਨ ਸ਼ਕਤੀ। ਮੰਨਨ ਵਾਲਾ ਖੁਦ ਮਗਨ ਰਹਿੰਦਾ ਹੈ। ਮਗਨ ਅਵਸਥਾ ਵਿਚ ਯੋਗ ਲਗਾਉਣਾ ਨਹੀਂ ਪੈਂਦਾ ਲੇਕਿਨ ਨਿਰੰਤਰ ਲੱਗਿਆ ਰਹਿੰਦਾ ਹੈ, ਮੇਹਨਤ ਨਹੀਂ ਕਰਨੀ ਪੈਂਦੀ। ਮਗਨ ਮਤਲਬ ਮੁਹੱਬਤ ਦੇ ਸਾਗਰ ਵਿਚ ਸਮਾਇਆ ਹੋਇਆ। ਅਜਿਹਾ ਸਮਾਇਆ ਹੋਇਆ ਜੋ ਕੋਈ ਵੱਖ ਕਰ ਨਹੀਂ ਸਕਦਾ। ਤਾਂ ਮੇਹਨਤ ਤੋਂ ਛੁੱਟੋ, ਸਾਗਰ ਦੇ ਬੱਚੇ ਹੋ ਤਾਂ ਅਨੁਭਵਾਂ ਦੇ ਤਲਾਬ ਵਿਚ ਨਹੀਂ ਨਹਾਓ ਲੇਕਿਨ ਸਾਗਰ ਵਿਚ ਸਮਾ ਜਾਵੋ ਤਾਂ ਕਹਾਂਗੇ ਅਨੁਭਵੀ ਮੂਰਤ।

ਸਲੋਗਨ:- ਗਿਆਨ ਸਵਰੂਪ ਆਤਮਾ ਉਹ ਹੈ ਜਿਸ ਦਾ ਹਰ ਸੰਕਲਪ, ਹਰ ਸੈਕਿੰਡ ਸਮਰੱਥ ਹੋਵੇ।

******

ਅਵਿੱਅਕਤ ਇਸ਼ਾਰੇ - ਇਸ ਅਵਿੱਅਕਤ ਮਹੀਨੇ ਵਿੱਚ ਬੰਧਨਮੁਕਤ ਰਹਿ ਜੀਵਨਮੁਕਤ ਸਥਿਤੀ ਦਾ ਅਨੁਭਵ ਕਰੋ।

ਜੇਕਰ ਕੋਈ ਹੀ ਸੁਭਾਅ, ਸੰਸਕਾਰ, ਵਿਅਕਤੀ ਅਤੇ ਵੈਭਵ ਦਾ ਬੰਧਨ ਆਪਣੇ ਵੱਲ ਆਕਰਸ਼ਿਤ ਕਰਦਾ ਹੈ, ਤਾਂ ਬਾਪ ਦੀ ਯਾਦ ਦੀ

ਆਕਰਸ਼ਣ ਸਦਾ ਨਹੀਂ ਰਹਿ ਸਕਦੀ। ਕਰਮਾਤੀਤ ਬਣਨਾ ਮਾਨਾ ਸਰਵ ਕਰਮ ਬੰਧਨਾਂ ਤੋਂ ਮੁਕਤ, ਨਿਆਰੇ ਬਣ, ਪ੍ਰਾਕ੍ਰਿਤੀ ਦ੍ਵਾਰਾ ਨਿਮਿਤ-ਮਾਤ੍ਰ ਕਰਮ ਕਰਾਉਣਾ. ਇਹ ਨਿਆਰੇ ਬਣਨ ਦਾ ਪੁਰਸ਼ਾਰਥ ਬਾਰ - ਬਾਰ ਕਰਦੇ ਰਹੋ। ਸਹਿਜ ਅਤੇ ਖੁਦ ਇਹ ਅਨੁਭੂਤੀ ਹੋਵੇ ਕਿ “ਕਰਾਉਣ ਵਾਲਾ ਅਤੇ ਕਰਨ ਵਾਲੀ ਇਹ ਕਰਮਿੰਦਰੀਆ ਹਨ ਹੀ ਵੱਖ।